pstcl
PUNJAB STATE TRANSMISSION CORPORATION LIMITED ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ
(ਰਜਿ:ਦਫ਼ਤਰ:ਪੀ.ਐਸ.ਈ.ਬੀ., ਹੈੱਡ ਆਫਿਸ, ਦੀ ਮਾਲ, ਪਟਿਆਲਾ-147001, ਪੰਜਾਬ)
ਕਾਰਪੋਰੇਟ ਆਇਡੈਂਟਿਟੀ ਨੰਬਰ:- U40109PB2010SGC033814
ਦਫ਼ਤਰ: ਉਪ ਮੁੱਖ ਇੰਜੀਨੀਅਰ/ ਐਚ.ਆਰ. ਅਤੇ ਪ੍ਰਬੰਧਕੀ, ਪੀ.ਐਸ.ਟੀ.ਸੀ.ਐਲ, ਪਟਿਆਲਾ।
ਟੈਲੀਫ਼ੂਨ ਨੰ:- 0175-2970693 ਵੈਬਸਾਇਟ: pstcl.org

ਵੱਲ

ਸਮੂਹ ਪ੍ਰਮੁੱਖ ਇੰਜੀਨੀਅਰ/ ਮੁੱਖ ਇੰਜੀਨੀਅਰ/ ਮੁੱਖ ਵਿੱਤ ਅਫਸਰ/ ਮੁੱਖ ਲੇਖਾ ਅਫਸਰ
ਅਤੇ ਵਿਭਾਗਾਂ ਦੇ ਮੁਖੀ, ਪੀ.ਐਸ.ਟੀ.ਸੀ.ਐਲ.।

ਮੀਮੋ ਨੰ. 6720 /LWO-31 ਮਿਤੀ 31/5/21

ਵਿਸ਼ਾ: ਮੁਲਾਜਮਾਂ ਦੀਆਂ ਮੰਨੀਆਂ ਮੰਗਾਂ ਲਾਗੂ ਕਰਨ ਅਤੇ ਰਹਿੰਦੀਆ ਮੰਗਾਂ ਦਾ ਨਿਪਟਾਰਾ ਕਰਨ ਸਬੰਧੀ ਸੰਘਰਸ਼ ਦਾ ਨੋਟਿਸ - ਵਲੋਂ ਸ਼੍ਰੀ ਕਰਮਚੰਦ ਭਾਰਦਵਾਜ, ਸਕੱਤਰ, ਪੀ.ਐਸ.ਈ.ਬੀ. ਇੰਪਲਾਈਜ਼ ਜੁਆਇੰਟ ਫੋਰਮ।

ਹਵਾਲਾ:- ਸ਼੍ਰੀ ਕਰਮਚੰਦ ਭਾਰਦਵਾਜ, ਸਕੱਤਰ, ਪੀ.ਐਸ.ਈ.ਬੀ. ਇੰਪਲਾਈਜ ਜੁਆਇੰਟ ਫੋਰਮ ਵਲੋਂ ਭੇਜਿਆ ਗਿਆ ਰੈਫਰੈਂਸ ਨੰ. JF-477/ 478 ਮਿਤੀ 11.05.2021, ਜਿਹੜਾ ਕਿ ਪੀ.ਐਸ.ਪੀ.ਸੀ.ਐਲ. ਅਤੇ ਪੀ.ਐਸ.ਟੀ.ਸੀ.ਐਲ. ਨੂੰ ਸੰਬੋਧਿਤ ਹੈ।

ਉਪਰੋਕਤ ਵਿਸ਼ੇ ਸਬੰਧੀ ਹਵਾਲੇ ਅਧੀਨ ਦਰਸਾਏ ਜੱਥੇਬੰਦੀ ਦੇ ਪੱਤਰ ਦੀ ਕਾਪੀ ਆਪ ਜੀ ਦੇ ਦਫਤਰ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਜੱਥੇਬੰਦੀ ਵਲੋਂ ਹੇਠ ਲਿਖੇ ਅਨੁਸਾਰ **ਸੰਘਰਸ਼ ਦਾ ਪ੍ਰੋਗਰਾਮ** ਉਲੀਕਿਆ ਗਿਆ ਹੈ:-

*1) ਮਿਤੀ 20.05.2021 ਅਤੇ 21.05.2021 ਨੂੰ ਸਮੁੱਚੇ ਪੰਜਾਬ ਅੰਦਰ ਸਬ ਡਵੀਜਨ/ ਡਵੀਜਨ ਦਫਤਰਾਂ ਅੱਗੇ ਕਾਲੇ ਬਿੱਲੇ ਲਗਾ ਕੇ ਪਾਵਰ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਵਿਰੁੱਧ ਰੋਸ ਰੈਲੀਆਂ ਕੀਤੀਆਂ ਜਾਣਗੀਆਂ।*

*2) ਮਿਤੀ 24.05.2021 ਤੋਂ ਲਗਾਤਾਰ ਅਗਲੇ ਫੈਸਲੇ ਤੱਕ ਪਾਵਰਕਾਮ ਅਤੇ ਟ੍ਰਾਂਸਕੋ ਦੇ ਸਮੁੱਚੇ ਡਾਇਰੈਕਟਰਜ਼ ਵਿਰੁੱਧ ਫੀਲਡ ਸਮੇਂ ਦੌਰਿਆਂ ਸਮੇਂ ਕਾਲੇ ਝੰਡਿਆਂ ਨਾਲ ਰੋਸ ਵਿਖਾਵੇ ਕੀਤੇ ਜਾਣਗੇ।*

*3) ਮਿਤੀ 24.05.2021 ਤੋਂ ਲਗਾਤਾਰ ਅਗਲੇ ਫੈਸਲੇ ਤੱਕ ਬਿਜਲੀ ਕਾਮੇ ਵਰਕ-ਟੂ-ਰੂਲ ਅਨੁਸਾਰ ਕੰਮ ਕਰਨਗੇ ਅਤੇ ਆਪਣੀਆਂ ਡਿਊਟੀਆਂ ਨਿਭਾਉਣਗੇ*

(ੳ) *ਬਿਜਲੀ ਮੁਲਾਜਮ 8 ਘੰਟੇ ਦੀ ਡਿਊਟੀ ਨਿਭਾਉਣਗੇ। ਸ਼ਿਫਟ ਡਿਊਟੀ ਵਾਲੇ ਕਰਮਚਾਰੀ ਵੀ 8 ਘੰਟੇ ਹੀ ਡਿਊਟੀ ਕਰਨਗੇ। ਮੁਲਾਜਮ ਪਹਿਲਾਂ ਅਨੁਸਾਰ ਹੀ ਡਿਊਟੀ ਨਿਭਾਉਣਗੇ।*

(ਅ) *ਬਿਜਲੀ ਮੁਲਾਜਮ ਡਿਊਟੀ ਦੌਰਾਨ ਹੀ ਮੋਬਾਇਲ ਫੋਨ ਸੁਨਣਗੇ।*

(ੲ) *ਇੱਕਲਾ ਟੈਕਨੀਕਲ ਕਰਮਚਾਰੀ ਬਿਜਲੀ ਸਬੰਧੀ ਸ਼ਿਕਾਇਤਾਂ ਅਤੇ ਸੰਚਾਰ ਲਾਇਨਾਂ ਨਾਲ ਸਬੰਧਤ ਕੰਮ ਨਹੀਂ ਕਰੇਗਾ।*

(ਸ) *ਬਿਜਲੀ ਲਾਇਨਾਂ ਤੇ ਪਰਮਿਟ ਤੋਂ ਬਿਨਾਂ ਕੰਮ ਨਹੀਂ ਕੀਤਾ ਜਾਵੇਗਾ। ਜੇ.ਈ./ ਏ.ਜੇ.ਈ. ਜਿਨ੍ਹਾਂ ਪਾਸ ਕੋਡ ਨੰਬਰ ਹੋਵੇਗਾ ਉਹ ਹੀ ਪਰਮਿਟ ਲੈਣਗੇ।*

(ਹ) *ਦਫਤਰੀ ਅਮਲਾ ਛੁੱਟੀ ਵਾਲੇ ਦਿਨ ਕੰਮ ਨਹੀਂ ਕਰੇਗਾ।*

(ਕ) *ਡਿਊਟੀ ਸਮੇਂ ਤੋਂ ਪਹਿਲਾਂ ਅਤੇ ਬਾਦ ਵਿੱਚ ਕਰਮਚਾਰੀ ਬਿਜਲੀ ਚੋਰੀ ਆਦਿ ਦੀ ਚੈਕਿੰਗ ਨਹੀਂ ਕਰਨਗੇ।*

ਉਪਰੋਕਤ ਦੇ ਮੱਦੇਨਜਰ, ਇਸ ਦਫਤਰ ਵਲੋਂ ਵਿਸ਼ਾ ਚਰਚਿਤ ਮਾਮਲਾ ਉੱਚ ਅਧਿਕਾਰੀਆਂ ਦੇ ਸਨਮੁੱਖ ਵਿਚਾਰਨ ਹਿਤ ਪੇਸ਼ ਕੀਤਾ ਗਿਆ ਸੀ। ਇਸ ਦੇ ਸਬੰਧ ਵਿੱਚ ਆਪ ਜੀ ਦੇ ਦਫਤਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਪਰੋਕਤ ਦਰਸਾਏ ਸੰਘਰਸ਼ ਪ੍ਰੋਗਰਾਮ ਦੌਰਾਨ ਪੀ.ਐਸ.ਟੀ.ਸੀ.ਐਲ. ਦੇ ਦਫਤਰਾਂ ਦਾ ਨਿਰਵਿਘਨ ਕੰਮ-ਕਾਜ ਯਕੀਨੀ ਬਣਾਇਆ ਜਾਵੇ ਜੀ।

ਨੱਥੀ/ ਉਪਰੋਕਤ ਅਨੁਸਾਰ

ਉਪ ਮੁੱਖ ਇੰਜੀਨੀਅਰ/ ਐਚ.ਆਰ. ਤੇ ਪ੍ਰਬੰਧਕੀ,
ਪੀ.ਐਸ.ਟੀ.ਸੀ.ਐਲ., ਪਟਿਆਲਾ

ਸੀ.ਸੀ.

1. ਸੀਨੀ: ਪੀ.ਐਸ. ਟੂ ਮਾਨਯੋਗ ਸੀ.ਐਮ.ਡੀ, ਪੀ.ਐਸ.ਟੀ.ਸੀ.ਐਲ, ਪਟਿਆਲਾ ਜੀ।
2. ਸੀਨੀ: ਪੀ.ਐਸ. ਟੂ ਮਾਨਯੋਗ ਡਾਇਰੈਕਟਰ/ ਪ੍ਰਬੰਧਕੀ, ਪੀ.ਐਸ.ਟੀ.ਸੀ.ਐਲ, ਪਟਿਆਲਾ ਜੀ।
3. ਸੀਨੀ: ਪੀ.ਐਸ. ਟੂ ਮਾਨਯੋਗ ਡਾਇਰੈਕਟਰ/ ਟੈਕਨੀਕਲ, ਪੀ.ਐਸ.ਟੀ.ਸੀ.ਐਲ, ਪਟਿਆਲਾ ਜੀ।
4. ਸੀਨੀ: ਪੀ.ਐਸ. ਟੂ ਮਾਨਯੋਗ ਡਾਇਰੈਕਟਰ/ ਐਫ ਐਂਡ ਸੀ, ਪੀ.ਐਸ.ਟੀ.ਸੀ.ਐਲ, ਪਟਿਆਲਾ ਜੀ।
5. ਮੁੱਖ ਇੰਜੀਨੀਅਰ/ ਐਚ.ਆਈ.ਐਸ ਤੇ ਡੀ, ਪੀ.ਐਸ.ਟੀ.ਸੀ.ਐਲ, ਪਟਿਆਲਾ ਜੀ।

Scanned with CamScanner

UNION IS STRENGTH

# ਪੀ.ਐਸ.ਈ.ਬੀ. ਇੰਪਲਾਈਜ਼ ਜੁਆਇੰਟ ਫੋਰਮ

ਮਾਰਫਤ ਕੁਆਟਰ ਨੰ: 4-ਪੀ, 66 ਕੇ.ਵੀ. ਗਰਿਡ ਕਲੋਨੀ, ਪਟਿਆਲਾ email: karamchandbhardwaj1@gmail.com
ਟੈਲੀਫੋਨ ਨੰ: 94638-91001, 96460-01023, 98142-98835, 98143-66037, 97775-11876, 96461-21371

*Ref. No. JF- 477/478* *Dated : 11-05-2021*

(ਈਮੇਲ)

ਵੱਲ

1. ਮਾਨਯੋਗ ਚੇਅਰਮੈਨ-ਕਮ-ਮੈਨੇਜਿੰਗ ਡਾਇਰੈਕਟਰ,
   ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ, ਪਟਿਆਲਾ।
2. ਮਾਨਯੋਗ ਚੇਅਰਮੈਨ-ਕਮ-ਮੈਨੇਜਿੰਗ ਡਾਇਰੈਕਟਰ,
   ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ, ਪਟਿਆਲਾ।

ਵਿਸ਼ਾ :- ਮੁਲਾਜਮਾਂ ਦੀਆਂ ਮੰਨੀਆਂ ਮੰਗਾਂ ਲਾਗੂ ਕਰਨ ਅਤੇ ਰਹਿੰਦੀਆਂ ਮੰਗਾਂ ਦਾ ਨਿਪਟਾਰਾ ਕਰਨ ਸਬੰਧੀ ਸੰਘਰਸ਼ ਦਾ ਨੋਟਿਸ।

ਸ੍ਰੀਮਾਨ ਜੀ,

ਹਵਾਲਾ : ਪੀ.ਐਸ.ਈ.ਬੀ. ਇੰਪਲਾਈਜ਼ ਜੁਆਇੰਟ ਫੋਰਮ ਦਾ ਪੱਤਰ ਨੰਬਰ ਜੇ.ਐਫ. 467/471 ਮਿਤੀ 07-04-2021 ਅਤੇ ਜੇ.ਐਫ. 472/476 ਮਿਤੀ 12-04-2021

ਉਪਰੋਕਤ ਪੱਤਰਾਂ ਰਾਹੀਂ ਆਪ ਜੀ ਨੂੰ ਮੁਲਾਜਮਾਂ ਦੀਆਂ ਮੰਨੀਆਂ ਮੰਗਾਂ ਲਾਗੂ ਕਰਨ ਅਤੇ ਰਹਿੰਦੀਆਂ ਮੰਗਾਂ ਦੇ ਨਿਪਟਾਰੇ ਲਈ ਸੋਧਿਆ ਵਿਸਥਾਰਤ ਮੰਗ ਪੱਤਰ ਭੇਜ ਕੇ ਮੰਨੀਆਂ ਮੰਗਾਂ ਲਾਗੂ ਕਰਨ ਅਤੇ ਰਹਿੰਦੀਆਂ ਮੰਗਾਂ ਦੇ ਨਿਪਟਾਰੇ ਲਈ ਸਮਾਂਬੱਧ ਸਮੇਂ ਅੰਦਰ ਮੀਟਿੰਗ ਦੇ ਕੇ ਮੁਲਾਜਮ ਮਸਲੇ ਹੱਲ ਕਰਨ ਦੀ ਮੰਗ ਕੀਤੀ ਗਈ ਸੀ। ਆਪ ਜੀ ਵੱਲੋਂ ਜੁਆਇੰਟ ਫੋਰਮ ਦੇ ਨੁਮਾਇੰਦਿਆਂ ਨੂੰ ਨਾ ਹੀ ਮੀਟਿੰਗ ਲਈ ਸਮਾਂ ਦਿੱਤਾ ਗਿਆ ਅਤੇ ਨਾ ਹੀ ਮਸਲੇ ਹੱਲ ਕੀਤੇ ਗਏ। ਪਾਵਰ ਮੈਨੇਜਮੈਂਟ ਵੱਲੋਂ ਮੰਗਾਂ ਲਾਗੂ ਕਰਨ ਪ੍ਰਤੀ ਲਗਾਤਾਰ ਟਾਲ ਮਟੋਲ ਦੀ ਨੀਤੀ ਅਪਣਾਈ ਜਾ ਰਹੀ ਹੈ। ਪੰਜਾਬ ਸਰਕਾਰ ਵੱਲੋਂ ਵੀ ਮੁਲਾਜਮ ਮੰਗਾਂ ਤੇ ਮਸਲੇ ਹੱਲ ਨਾ ਕਰਨ ਕਰਕੇ ਮੁਲਾਜਮਾਂ ਵਿੱਚ ਸਖਤ ਰੋਸ ਹੈ। ਮੁਲਾਜਮ ਮੰਗਾਂ ਜਿਵੇਂ ਮਿਤੀ 1-12-2011 ਤੋਂ ਪੇ-ਬੈਂਡ ਵਿੱਚ ਵਾਧਾ ਦੇਣ, ਕਰਮਚਾਰੀਆਂ ਤੇ ਰੀਟਾਇਰੀਆਂ ਨੂੰ ਬਿਨਾਂ ਸ਼ਰਤ 23 ਸਾਲਾਂ ਦੀ ਸੇਵਾ ਦਾ ਲਾਭ ਦੇਣ, ਸੇਵਾ ਲਾਭ ਦੀ ਅਡਜਸਟਮੈਂਟ ਕਰਨ, ਨਵੇਂ ਨਿਯੁਕਤ ਸ.ਲ.ਮ. ਨੂੰ ਤਨਖਾਹ ਸੈਮੀ ਸਕਿਲਡ ਦੀ ਥਾਂ ਸਕਿਲਡ ਵੱਜੋਂ ਅਤੇ ਹੇਠਲੀ ਸ਼੍ਰੇਣੀ ਕਲਰਕ ਬਰਾਬਰ ਤਨਖਾਹ ਦੇਣ, ਕੰਟਰੈਕਟ ਉਪਰ ਕੰਮ ਕਰਦੇ ਕਾਮਿਆਂ ਦੀਆਂ ਸੇਵਾਵਾਂ ਰੈਗੂਲਰ ਕਰਨ, ਕੰਟਰੈਕਟ ਉਪਰ ਕੰਮ ਕਰਦੇ ਮੀਟਰ ਰੀਡਰ, ਬਿਲ ਵੰਡਕ ਕਾਮਿਆਂ ਉਪਰ 4 ਘੰਟੇ ਦੀ ਬੇਲੋੜੀ ਸ਼ਰਤ ਵਾਪਿਸ ਲੈਣ, ਤਰੱਕੀਆਂ 'ਚ ਖੜੋਤ ਦੂਰ ਕਰਨ ਲਈ, ਅਸਾਮੀਆਂ ਦੀ ਉਪਲੱਬਤਾ ਦੇ ਆਧਾਰ ਤੇ ਤਰੱਕੀਆਂ ਕਰਨ, ਉਪਰੇਸ਼ਨ ਦੀ ਤਰ੍ਹਾਂ ਥਰਮਲਾਂ ਦੀਆਂ ਡਿਪਲੋਮਾ ਹੋਲਡਰ ਟੈਕਨੀਕਲ ਸੁਬਾਰਡੀਨੇਟ ਗਰੇਡ-1 ਅਤੇ ਹੋਰ ਅਸਾਮੀਆਂ ਦਾ ਤਰੱਕੀ ਚੈਨਲ ਬਨਾਉਣ, ਮ੍ਰਿਤਕਾਂ ਦੇ ਆਸ਼ਰਿਤਾਂ ਨੂੰ ਯੋਗਤਾ ਦੇ ਆਧਾਰ ਤੇ ਨੌਕਰੀਆਂ ਦੇਣ, ਦਰਜਾ ਚਾਰ ਅਤੇ ਜੂਨੀਅਰ ਮੀਟਰ ਰੀਡਰ ਤੋਂ ਬਣੇ ਹੇਠਲੀ ਸ਼੍ਰੇਣੀ ਕਲਰਕ ਤੋਂ ਕੰਪਿਊਟਰ ਯੋਗਤਾ ਸਰਟੀਫਿਕੇਟ ਲੈ ਕੇ ਅਤੇ 50 ਸਾਲ ਦੀ ਉਮਰ ਹੋਣ ਤੇ ਕੰਪਿਊਟਰ

Scanned with CamScanner

ਟੈਸਟ ਤੋਂ ਛੋਟ ਦੇਣ, ਉੱਚ ਸ਼੍ਰੇਣੀ ਕਲਰਕ ਨੂੰ ਪਹਿਲਾਂ ਦੀ ਤਰ੍ਹਾਂ ਮਨਿਸਟਰੀਅਲ ਅਮਲਾ ਪ੍ਰੀਖਿਆ ਇਮਤਿਹਾਨ ਦੇਣਾ ਜਾਰੀ ਰੱਖਣ, ਰੀਟਾਇਰੀ ਅਤੇ ਨਵੇਂ ਨਿਯੁਕਤ ਕਰਮਚਾਰੀਆਂ ਨੂੰ ਬਿਜਲੀ ਰਿਐਤ ਦੇਣ, ਸਿਆਸੀ ਅਤੇ ਗਲਤ ਅਧਾਰ ਤੇ ਕੀਤੇ ਤਬਾਦਲਿਆਂ ਦੇ ਹੁਕਮ ਰੱਦ ਕਰਨ, ਥਰਮਲਾਂ ਉਪਰ ਬਣੀ ਸਹਿਮਤੀ ਲਾਗੂ ਕਰਨ, ਬਰਾਬਰ ਕੰਮ ਲਈ ਬਰਾਬਰ ਤਨਖਾਹਾਂ ਦੇਣ, ਬਾਹਰੀ ਸਰੋਤਾਂ ਤੇ ਕੰਮ ਕਰਦੇ ਕਾਮਿਆਂ ਨੂੰ ਪੱਕਾ ਕਰਨ, ਖਾਲੀ ਅਸਾਮੀਆਂ ਪੁਰ ਕਰਨ ਲਈ ਨਵੀਂ ਨਿਯੁਕਤੀ 'ਚ ਤੇਜੀ ਕਰਨ, ਲਾਇਨਮੈਨ ਅਤੇ ਉੱਚ ਸ਼੍ਰੇਣੀ ਕਲਰਕ ਦੀ ਸਿੱਧੀ ਭਰਤੀ ਕਰਨ, ਆਊਟ ਸੋਰਸਿੰਗ ਬੰਦ ਕਰਨ, ਨਵ ਨਿਯੁਕਤ ਕਰਮਚਾਰੀਆਂ ਦਾ ਪਰਖਕਾਲ ਸਮਾਂ ਤਿੰਨ ਸਾਲ ਦੀ ਥਾਂ ਦੋ ਸਾਲ ਕਰਨ, ਰਹਿੰਦੇ ਸ.ਲ.ਮ. ਦੀ ਨਵੀਂ ਭਰਤੀ ਕਰਨ, ਕੋਰਟਾਂ ਦੇ ਫੈਸਲਿਆਂ ਨੂੰ ਜਨਰਲਾਇਜ ਕਰਕੇ ਲਾਗੂ ਕਰਨ, ਨਵਨਿਯੁਕਤ ਸਹਾਇਕ ਲਾਇਨਮੈਨ ਨੂੰ ਸੈਮੀ ਸਕਿਲਡ ਦੀ ਥਾਂ ਪੂਰਾ ਸਕੇਲ ਦੇਣ, ਸੈਮੀ ਸਕਿਲਡ ਸ.ਲ.ਮ. ਨੂੰ ਉਵਰ ਹੈਡ ਲਾਈਨਾਂ ਤੇ ਕੰਮ ਕਰਨ ਲਈ ਜਬਰੀ ਆਥੋਰਾਈਜ਼ ਕਰਕੇ ਲ.ਮ. / ਜੇ.ਈ. ਦੀ ਡਿਊਟੀ ਲੈਣਾ, ਪਾਰਟ ਟਾਇਮ ਸਵੀਪਰਾਂ ਨੂੰ ਪੱਕਾ ਕਰਨ, ਜੀ.ਪੀ.ਐਫ. ਟਰੱਸਟ ਤੇ ਪੈਨਸ਼ਨ ਟਰੱਸਟ ਵਿੱਚ ਬਣਦਾ ਫੰਡ ਨਾ ਪਾਉਣਾ, ਕਰਮਚਾਰੀਆਂ ਖਾਸ ਕਰਕੇ ਕਲੈਰੀਕਲ ਕਾਮਿਆਂ ਦੀਆਂ ਤਰੱਕੀਆਂ ਤੇ ਰੋਕ ਲਾਉਣ, ਅਧਿਕਾਰੀਆਂ ਤੇ ਕਰਮਚਾਰੀਆਂ ਦੀਆਂ ਖਾਲੀ ਅਸਾਮੀਆਂ ਨਾ ਭਰਨਾ, ਗਰਿਡ ਸਬ ਸਟੇਸ਼ਨਾਂ ਤੇ ਕਰਮਚਾਰੀਆਂ ਦੇ ਬਣਦੇ ਓਵਰ ਟਾਇਮ ਸਮੇਂ ਸਿਰ ਅਦਾਇਗੀ ਨਾ ਕਰਨਾ, ਵੇਜ ਫਾਰਮੂਲੇਸ਼ਨ ਕਮੇਟੀ ਦਾ ਗਠਨ ਕਰਨਾ, ਬੰਦ ਕੀਤੇ ਮੋਬਾਇਲ ਅਲਾਊਂਸ ਦੁਬਾਰਾ ਦੇਣ ਲਈ ਹਦਾਇਤਾਂ ਜਾਰੀ ਕਰਨਾ, ਮੁੜ ਉਸਾਰੀ ਦੇ ਨਾਮ ਤੇ ਕਰਮਚਾਰੀਆਂ ਦੀਆਂ ਅਸਾਮੀਆਂ ਖਤਮ ਨਾ ਕਰਨਾ ਅਤੇ ਹੋਰ ਪੰਜਾਬ ਸਰਕਾਰ ਨਾਲ ਸਬੰਧਤ ਪੇ ਰਵੀਜਨ, ਮਹਿੰਗਾਈ ਭੱਤਾ, ਪੂਰੀ ਤਨਖਾਹਾਂ ਸਕੇਲ ਦੇਣ ਆਦਿ ਮਸਲੇ ਜਿਉਂ ਦੇ ਤਿਉ ਪਏ ਹਨ। ਕੋਵਿਡ-19 ਮਹਾਂਮਾਰੀ ਤੋਂ ਬਚਾਅ ਲਈ ਸਹੂਲਤਾਂ ਨਾ ਦੇਣਾ ਅਤੇ 50 ਲੱਖ ਦਾ ਬੀਮਾ ਕਰਨ ਆਦਿ ਮੰਨੀਆਂ ਮੰਗਾਂ ਮੰਗ ਪੱਤਰ ਅਨੁਸਾਰ ਨਹੀਂ ਮੰਨੀਆਂ ਜਾ ਰਹੀਆਂ। ਜਿਸ ਦਾ ਅਦਾਰੇ ਦੀ ਨਿਪੁੰਨਤਾ ਉਪਰ ਮਾੜਾ ਅਸਰ ਪੈ ਰਿਹਾ ਹੈ। ਬਲਕਿ ਇਸ ਤੋਂ ਵੀ ਅੱਗੇ ਮੁਲਾਜ਼ਮਾਂ ਦੇ ਮਸਲੇ ਹੱਲ ਕਰਨ ਦੀ ਥਾਂ ਟਰੇਡ ਯੂਨੀਅਨ ਅਧਿਕਾਰਾਂ ਉਪਰ ਛਾਪੇ ਮਾਰੇ ਜਾ ਰਹੇ ਹਨ ਅਤੇ ਅਣਉਚਿਤ ਲੇਬਰ ਪ੍ਰੈਕਟਿਸ ਕੀਤੀ ਜਾ ਰਹੀ ਹੈ ਅਤੇ ਅਤੀ ਸੰਵੇਦਨਸ਼ੀਲ ਬਿਜਲੀ ਵਰਗੇ ਅਦਾਰੇ 'ਚ ਮੁੜ ਟਕਰਾਅ ਵਾਲਾ ਮਾਹੌਲ ਪੈਦਾ ਕੀਤਾ ਜਾ ਰਿਹਾ ਹੈ। ਅਸੀਂ ਆਪ ਜੀ ਨੂੰ ਮੁੜ ਅਪੀਲ ਕਰ ਰਹੇ ਹਾਂ ਕਿ ਮੰਗ ਪੱਤਰ ਅਨੁਸਾਰ ਹੋਈਆਂ ਸਹਿਮਤੀਆਂ ਨੂੰ ਤੁਰੰਤ ਲਾਗੂ ਕੀਤਾ ਜਾਵੇ ਅਤੇ ਰਹਿੰਦੀਆਂ ਮੰਗਾਂ ਦਾ ਆਪਸੀ ਗੱਲਬਾਤ ਰਾਹੀਂ ਨਿਪਟਾਰਾ ਕੀਤਾ ਜਾਵੇ, ਨਹੀਂ ਤਾਂ ਹੇਠਾਂ, ਅਨੁਸਾਰ ਰੋਸ ਵਜੋਂ ਸੰਘਰਸ਼ ਪ੍ਰੋਗਰਾਮ ਲਾਗੂ ਕੀਤਾ ਜਾਵੇਗਾ।

ਪ੍ਰੋਗਰਾਮ

1. ਮਿਤੀ 20-5-2021 ਅਤੇ 21-05-2021 ਨੂੰ ਸਮੁੱਚੇ ਪੰਜਾਬ ਅੰਦਰ ਸਬ ਡਵੀਜਨ/ਡਵੀਜਨ ਦਫਤਰਾਂ ਅੱਗੇ ਕਾਲੇ ਬਿੱਲੇ ਲਗਾ ਕੇ ਪਾਵਰ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਵਿਰੁੱਧ ਰੋਸ ਰੈਲੀਆਂ ਕੀਤੀਆਂ ਜਾਣਗੀਆਂ।
2. ਮਿਤੀ 24-05-2021 ਤੋਂ ਲਗਾਤਾਰ ਅਗਲੇ ਫੈਸਲੇ ਤੱਕ ਪਾਵਰਕਾਮ ਅਤੇ ਟਰਾਂਸਕੋ ਦੇ ਸਮੁੱਚੇ ਡਾਇਰੈਕਟਰਜ਼ ਵਿਰੁੱਧ ਫੀਲਡ ਸਮੇਂ ਦੌਰਿਆਂ ਸਮੇਂ ਕਾਲੇ ਝੰਡਿਆਂ ਨਾਲ ਰੋਸ ਵਿਖਾਵੇ ਕੀਤੇ ਜਾਣਗੇ।

Scanned with CamScanner

3. ਮਿਤੀ 24-5-2021 ਤੋਂ ਲਗਾਤਾਰ ਅਗਲੇ ਫੈਸਲੇ ਤੱਕ ਬਿਜਲੀ ਕਾਮੇ ਵਰਕ-ਟੂ-ਰੂਲ ਅਨੁਸਾਰ ਕੰਮ ਕਰਨਗੇ ਅਤੇ ਆਪਣੀਆਂ ਡਿਊਟੀਆਂ ਨਿਭਾਉਣਗੇ।

ੳ) ਬਿਜਲੀ ਮੁਲਾਜ਼ਮ 8 ਘੰਟੇ ਦੀ ਡਿਊਟੀ ਨਿਭਾਉਣਗੇ। ਸਿਫਟ ਡਿਊਟੀ ਵਾਲੇ ਕਰਮਚਾਰੀ ਵੀ 8 ਘੰਟੇ ਹੀ ਡਿਊਟੀ ਕਰਨਗੇ। ਮੁਲਾਜਮ ਪਹਿਲਾਂ ਅਨੁਸਾਰ ਹੀ ਡਿਊਟੀ ਨਿਭਾਉਣਗੇ।

ਅ) ਬਿਜਲੀ ਮੁਲਾਜਮ ਡਿਊਟੀ ਦੌਰਾਨ ਹੀ ਮੋਬਾਇਲ ਫੋਨ ਸੁਣਨਗੇ।

ੲ) ਇਕੱਲਾ ਟੈਕਨੀਕਲ ਕਰਮਚਾਰੀ ਬਿਜਲੀ ਸਬੰਧੀ ਸ਼ਿਕਾਇਤਾਂ ਅਤੇ ਸੰਚਾਰ ਲਾਇਨਾਂ ਨਾਲ ਸਬੰਧਤ ਕੰਮ ਨਹੀਂ ਕਰੇਗਾ।

ਸ) ਬਿਜਲੀ ਲਾਇਨਾਂ ਤੇ ਪਰਮਿਟ ਤੋਂ ਬਿਨਾਂ ਕੰਮ ਨਹੀਂ ਕੀਤਾ ਜਾਵੇਗਾ। ਜੇ.ਈ./ਏ.ਜੇ.ਈ. ਜਿਨ੍ਹਾਂ ਪਾਸ ਕੋਡ ਨੰਬਰ ਹੋਵੇਗਾ ਉਹ ਹੀ ਪਰਮਿਟ ਲੈਣਗੇ।

ਹ) ਦਫਤਰੀ ਅਮਲਾ ਛੁੱਟੀ ਵਾਲੇ ਦਿਨ ਕੰਮ ਨਹੀਂ ਕਰੇਗਾ।

ਕ) ਡਿਊਟੀ ਸਮੇਂ ਤੋਂ ਪਹਿਲਾਂ ਅਤੇ ਬਾਅਦ ਵਿੱਚ ਕਰਮਚਾਰੀ ਬਿਜਲੀ ਚੋਰੀ ਆਦਿ ਦੀ ਚੈਕਿੰਗ ਨਹੀਂ ਕਰਨਗੇ।

ਅਸੀਂ ਆਸ ਕਰਦੇ ਹਾਂ ਕਿ ਬਿਜਲੀ ਨਿਗਮ ਦੀ ਮੈਨੇਜਮੈਂਟ ਹੋਈਆਂ ਸਹਿਮਤੀਆਂ ਨੂੰ ਤੁਰੰਤ ਲਾਗੂ ਕਰੇਗੀ ਤਾਂ ਜੋ ਅਦਾਰੇ ਅੰਦਰ ਸੁਖਾਵੇ ਸਨਅਤੀ ਸੰਬੰਧ ਬਣੇ ਰਹਿਣ ਅਤੇ ਬਿਜਲੀ ਕਰਮਚਾਰੀ ਖਪਤਕਾਰਾਂ ਨੂੰ ਵਧੀਆ ਸੇਵਾਵਾਂ ਪ੍ਰਦਾਨ ਕਰ ਸਕਣ।

ਕਰਮ ਚੰਦ ਭਾਰਦਵਾਜ

ਕਰਮਚੰਦ ਭਾਰਦਵਾਜ,
ਸਕੱਤਰ,
ਪੀ.ਐਸ.ਈ.ਬੀ. ਇੰਪਲਾਈਜ਼ ਜੁਆਇੰਟ ਫੋਰਮ,

ਪਿੱਠ ਅੰਕਣ ਨੰ: ਜੇ.ਐਫ-479/485 ਮਿਤੀ 11-05-2021

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਮੁੱਖ ਮੰਤਰੀ, ਪੰਜਾਬ, ਚੰਡੀਗੜ੍ਹ।
2. ਬਿਜਲੀ ਮੰਤਰੀ/ਸਕੱਤਰ ਬਿਜਲੀ ਵਿਭਾਗ, ਪੰਜਾਬ।
3. ਲੇਬਰ ਕਮਿਸ਼ਨਰ ਪੰਜਾਬ, ਚੰਡੀਗੜ੍ਹ।
4. ਸਮੂੰਹ ਡਾਇਰੈਕਟਰਜ਼ ਪੀ.ਐਸ.ਪੀ.ਸੀ.ਐਲ. ਅਤੇ ਪੀ.ਐਸ.ਟੀ.ਸੀ.ਐਲ. ਪਟਿਆਲਾ।
5. ਸਮੂੰਹ ਮੁੱਖ ਇੰਜੀਨੀਅਰਜ਼ ਪਾਵਰਕਾਮ/ਟਰਾਂਸਕੋ।
6. ਡਿਪਟੀ ਕਮਿਸ਼ਨਰ / ਐੱਸ.ਐੱਸ.ਪੀ. ਪਟਿਆਲਾ।
7. ਡਿਪਟੀ ਸਕੱਤਰ ਆਈ.ਆਰ. ਅਤੇ ਭਲਾਈ ਪੀ.ਐਸ.ਪੀ.ਸੀ.ਐਲ. ਪਟਿਆਲਾ।

ਕਰਮ ਚੰਦ ਭਾਰਦਵਾਜ

ਕਰਮਚੰਦ ਭਾਰਦਵਾਜ,
ਸਕੱਤਰ,
ਪੀ.ਐਸ.ਈ.ਬੀ. ਇੰਪਲਾਈਜ਼ ਜੁਆਇੰਟ ਫੋਰਮ,

Scanned with CamScanner